## ਪ੍ਰਸਿੱਧ ਤਬਲਾ ਵਾਦਕ

# ਉਸਤਾਦ ਲਛਮਣ ਸਿੰਘ ਸੀਨ

ਉਸਤਾਦ ਲਛਮਣ ਸਿੰਘ ਸੀਨ, ਪੰਜਾਬ ਘਰਾਣੇ ਦੇ ਉੱਚ ਕੋਟੀ ਦੇ ਤਬਲਾ ਵਾਦਕ ਹਨ। ਉਹ ਉਸਤਾਦ ਮੀਆਂ ਕਾਦਰ ਬਖ਼ਸ਼ ਦੇ ਉਨ੍ਹਾਂ ਪ੍ਰਸਿੱਧ ਸ਼ਾਗਿਰਦਾਂ ਵਿਚੋਂ ਹਨ ਜਿਨ੍ਹਾਂ ਦੇ ਤਬਲਾ ਵਾਦਨ ਨੇ ਭਾਰਤੀ ਸੰਗੀਤ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਿਚ ਯੋਗਦਾਨ ਪਾਇਆ। ਮੀਆਂ ਕਾਦਰ ਬਖ਼ਸ਼ ਦੇ ਇਹਨਾਂ ਸ਼ਾਗਿਰਦਾਂ ਵਿਚ ਉਸਤਾਦ ਅੱਲਾ ਰੱਖਾ ਅਤੇ ਸ਼ੌਕਤ ਹੁਸੈਨ ਦੇ ਨਾਮ ਵੀ ਸ਼ਾਮਲ ਹਨ।

ਉਸਤਾਦ ਲਛਮਣ ਸਿੰਘ ਸੀਨ, ਜਿਨ੍ਹਾਂ ਨੂੰ ਉਨ੍ਹਾਂ ਦੇ ਪ੍ਰਸੰਸਕ ਪਿਆਰ ਨਾਲ ਗੁਰੂ ਜੀ ਵੀ ਕਹਿੰਦੇ ਹਨ, ਆਪਣੇ ਗਰੁੱਪ ਸਮੇਤ ਵਿਰਾਸਤ ਫਾਊਂਡੇਸ਼ਨ ਦੇ ਸੱਦੇ ਉੱਤੇ ਕੈਨੇਡਾ ਵਿਚ ਪ੍ਰੋਗਰਾਮ ਦੇਣ ਲਈ ਆਏ। ਬਰਨਬੀ ਦੇ ਮਾਇਕਲ.ਜੇ.ਫਾਕਸ ਥੀਏਟਰ ਵਿਚ ਉਨ੍ਹਾਂ ਨੇ 14 ਸਤੰਬਰ 2002 ਨੂੰ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਉਨ੍ਹਾਂ ਦੇ ਤਿੰਨ ਸ਼ਾਗਿਰਦਾਂ, ਕਿੰਨਰ ਕੁਮਾਰ ਸੀਨ (ਸਿਤਾਰ), ਮੰਨੂ ਕੁਮਾਰ ਸੀਨ (ਸਿਤਾਰ), ਅਤੇ ਤਲਵੀਨ ਸਿੰਘ (ਤਬਲਾ) ਨੇ ਉਨ੍ਹਾਂ ਦਾ ਮੰਚ ਉੱਤੇ ਸਾਥ ਦਿੱਤਾ। ਕਿੰਨਰ ਕੁਮਾਰ ਦਾ ਨਿਊਯਾਰਕ ਵਿਚ ਅਤੇ ਮੰਨੂ ਕੁਮਾਰ ਦਾ ਜਲੰਧਰ ਵਿਚ ਆਪਣਾ ਆਪਣਾ ਸੰਗੀਤ ਵਿਦਿਆਲਾ ਸਥਾਪਿਤ ਹੈ। ਉਹ ਦੋਵੇਂ ਪ੍ਰਬੀਨ ਸੰਗੀਤਕਾਰ ਹਨ ਅਤੇ ਗੁਰੂ ਜੀ ਦੇ ਸਪੁੱਤਰ ਵੀ ਹਨ। ਇੰਗਲੈਂਡ ਵਿਚ ਰਹਿੰਦੇ ਤਲਵੀਨ ਸਿੰਘ ਦਾ ਨਾਮ ਤਬਲਾ ਵਾਦਨ ਵਿਚ ਪ੍ਰਸਿੱਧ ਹੋ ਚੁੱਕਾ ਹੈ। ਹਾਲ ਸਰੋਤਿਆਂ ਨਾਲ ਭਰਿਆ ਹੋਇਆ ਸੀ ਜੋ ਉਸਤਾਦ ਲਛਮਣ ਸਿੰਘ ਸੀਨ ਜੀ ਦੀ ਅੰਤਰ ਰਾਸ਼ਟਰੀ ਪ੍ਰਸਿੱਧੀ ਦਾ ਪ੍ਰਮਾਣ ਸੀ ਤੇ ਇਸ ਗੱਲ ਦਾ ਸਬੂਤ ਵੀ ਕਿ ਅਜੋਕੇ ਪੌਪ ਸੰਗੀਤ ਦੇ ਰੌਲੇ ਰੱਪੇ ਦੇ ਬਾਵਜੂਦ ਭਾਰਤੀ ਕਲਾਸੀਕਲ ਸੰਗੀਤ ਦੀ ਸ਼ੋਭਾ ਤੇ ਕਦਰ ਪਹਿਲਾਂ ਵਾਂਗ ਹੀ ਬਰਕਰਾਰ ਹੈ।

ਇਸ ਪ੍ਰੋਗਰਾਮ ਵਿਚੋਂ ਦੋ ਗੱਲਾਂ ਉੱਭਰ ਕੇ ਸਾਹਮਣੇ ਆਈਆਂ। ਇਕ ਤਾਂ ਸੀ ਉਸਤਾਦ ਲਛਮਣ ਸਿੰਘ ਸੀਨ ਜੀ ਦਾ ਪੰਜਾਬ ਅਤੇ ਪੰਜਾਬੀਅਤ ਉੱਤੇ ਅਪਣੱਤ ਦਾ ਪ੍ਰਗਟਾਵਾ, ਉਨ੍ਹਾਂ ਦੇ ਗਰੁੱਪ ਨੇ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਪ੍ਰਬੀਨ ਹੋਣ ਦੇ ਬਾਵਜੂਦ ਆਪਣਾ ਸਾਰਾ ਪ੍ਰੋਗਰਾਮ ਸਾਫ਼ ਸੁਥਰੀ ਪੰਜਾਬੀ ਬੋਲੀ ਵਿਚ ਕੀਤਾ ਅਤੇ ਗੁਰੂ ਜੀ ਨੇ ਵਾਰ ਵਾਰ ਪੰਜਾਬ ਸੰਗੀਤ ਘਰਾਣੇ ਉੱਤੇ ਅਥਾਹ ਮਾਣ ਪ੍ਰਗਟ ਕੀਤਾ। ਦੂਸਰੀ ਸੀ, ਗੁਰੂ ਜੀ ਦੀ ਭਾਰਤੀ ਦਰਸ਼ਨ ਵਿਚ ਡੂੰਘੀ ਦਿਲਚਸਪੀ, ਉਹ ਇਕ ਪ੍ਰਬੀਨ ਤਬਲਾ ਵਾਦਕ ਦੇ ਤੌਰ ਤੇ ਹੀ ਨਹੀਂ ਸਗੋਂ ਇਕ ਸੰਗੀਤ ਵਿਦਵਾਨ ਵਜੋਂ ਵੀ ਸਾਹਮਣੇ ਆਏ।

ਪ੍ਰੋਗਰਾਮ ਤੋਂ ਦੂਸਰੇ ਦਿਨ ਬਰਨਬੀ ਵਿਚ ਅਜਮੇਰ ਰੋਡੇ ਤੇ ਸੁਰਜੀਤ ਕਲਸੀ ਦੇ ਘਰ ਇਕ ਸੰਗੀਤ ਬੈਠਕ ਹੋਈ ਜਿਸ ਵਿਚ ਗੁਰੂ ਜੀ ਨੇ ਭਾਰਤੀ ਫ਼ਲਸਫ਼ੇ, ਮਿਥਿਹਾਸ, ਤਾਲ, ਸੰਗੀਤ, ਪੰਜਾਬੀ ਸਭਿਆਚਾਰ, ਪੰਜਾਬ ਘਰਾਣਾ ਤੇ ਅਜਿਹੇ ਕਈ ਹੋਰ ਵਿਸ਼ਿਆਂ ਤੇ ਖੁਲ੍ਹ ਕੇ ਗੱਲਬਾਤ ਕੀਤੀ। ਇਹ ਗੱਲਬਾਤ ਆਪਣੇ ਆਪ ਵਿਚ ਇਕ ਨਿਵੇਕਲੀ ਕਿਸਮ ਦਾ ਅਨੁਭਵ ਸੀ ਜਿਸ ਵਿਚ ਗੁਰੂ ਜੀ ਨੇ ਫ਼ਲਸਫ਼ੇ ਦੇ ਵਿਸ਼ੇ ਛੋਹੇ, ਕਹਾਣੀਆਂ ਸੁਣਾਈਆਂ ਅਤੇ ਆਪਣੇ ਅੰਦਾਜ਼ ਵਿਚ ਲੋਕ ਅਤੇ ਕਲਾਸਕੀ ਸੰਗੀਤ ਉੱਤੇ ਟਿੱਪਣੀਆਂ ਕੀਤੀਆਂ। ਸੰਗੀਤ ਬਾਰੇ ਉਨ੍ਹਾਂ ਦੇ ਆਪਣੇ ਅਕੀਦੇ ਅਤੇ ਵਿਚਾਰ ਹਨ, ਜਿਨ੍ਹਾਂ ਨਾਲ ਜਰੂਰੀ ਨਹੀਂ ਸਾਰੇ, ਵਿਸ਼ੇਸ਼ ਕਰਕੇ ਗੈਰ ਪੰਜਾਬੀ, ਸਹਿਮਤ ਹੋਣ। ਪਰ ਸਾਡੇ ਲਈ ਏਹੋ ਮਹੱਤਤਾ ਵਾਲੀ ਗੱਲ ਹੈ ਕਿ ਇਹ ਵਿਚਾਰ ਉਨ੍ਹਾਂ ਨੇ ਲੰਮਾ ਸਮਾਂ ਪੜ੍ਹਨ ਗੁੜ੍ਹਨ ਉਪਰੰਤ ਆਪ ਬਣਾਏ ਹਨ, ਹੋਰ ਵਿਦਵਾਨਾਂ ਦੇ ਚਲੰਤ ਵਿਚਾਰ ਨਹੀਂ ਅਪਣਾਏ। ਸਾਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਗੁਰੂ ਜੀ ਦੇ ਇਹ ਵਿਚਾਰ ਇਸ ਇੰਟਰਵਿਊ ਰਾਹੀਂ ਪ੍ਰਗਟ ਹੋ ਰਹੇ ਹਨ।

ਪਹਿਲਾਂ ਗੁਰੂ ਜੀ ਨਾਲ ਬਕਾਇਦਾ ਟੇਪ ਰਿਕਾਰਡ ਉੱਤੇ ਇੰਟਰਵਿਊ ਕਰਨ ਦੀ ਯੋਜਨਾ ਸੀ। ਪਰ ਬੈਠਕ ਵਿਚ ਹੋਰ ਕਿੰਨੇ ਹੀ ਪ੍ਰਸੰਸਕਾਂ ਦੀ ਮੌਜੂਦਗੀ ਕਰਕੇ ਇਹ ਵਿਚਾਰ ਛੱਡ ਦਿਤਾ ਗਿਆ ਕਿਉਂਕਿ ਇਸ ਨਾਲ ਗੁਰੂ ਜੀ ਦੀ ਗੱਲਬਾਤ ਦੀ ਰਵਾਨੀ, ਖੁੱਲ੍ਹ ਅਤੇ ਕਾਵਿਕ ਅੰਦਾਜ਼ ਵਿਚ ਅਟਕਾ ਪੈਣ ਦਾ ਡਰ ਸੀ। ਹੇਠਲੀ ਵਾਰਤਾਲਾਪ ਗੁਰੂ ਜੀ ਨੂੰ ਪੁੱਛੇ ਗਏ ਪ੍ਰਸ਼ਨਾਂ ਅਤੇ ਗੱਲਬਾਤ ਦੌਰਾਨ ਲਏ ਗਏ ਨੋਟਾਂ ਉੱਤੇ ਅਧਾਰਿਤ ਹੈ। ਆਮ ਮੁਲਾਕਾਤਾਂ ਵਾਂਗ ਇਹ ਮੁਲਾਕਾਤ ਉਨ੍ਹਾਂ ਦੀ ਨਿੱਜੀ ਜ਼ਿੰਦਗੀ, ਪ੍ਰਾਪਤੀਆਂ ਜਾਂ ਇਨਾਮਾਂ ਉੱਤੇ ਕੇਂਦਰਤ ਨਹੀਂ ਸਗੋਂ ਉਨ੍ਹਾਂ ਦੀ ਸ਼ਖਸੀਅਤ ਦੇ ਦਾਰਸ਼ਨਿਕ ਪੱਖ ਅਤੇ ਪੰਜਾਬ ਘਰਾਣੇ ਦੀ ਅਹਿਮੀਅਤ ਉੱਤੇ ਕੇਂਦਰਤ ਹੈ।

ਮਹਿਫਲ ਦੇ ਅੰਤ ਉੱਤੇ ਮੰਨੂ ਸੀਨ ਨੇ ਆਪਣੀ ਇਸ ਵਿਦੇਸ਼ ਫੇਰੀ ਦੇ ਅਨੁਭਵ ਬਾਰੇ ਦੱਸਦਿਆਂ ਕਿਹਾ ਕਿ ਅਮਰੀਕਨ ਲੋਕ ਜਦੋਂ ਭਾਰਤੀ ਸੰਗੀਤ ਦੀ ਪ੍ਰਸ਼ੰਸਾ ਕਰਦੇ ਹਨ ਤਾਂ ਸੱਚੇ ਦਿਲੋਂ ਕਰਦੇ ਹਨ। ਇਸ ਵਾਰ ਨਿਊਯਾਰਕ ਵਿਚ ਉਨ੍ਹਾਂ ਨੂੰ ਆਨੰਦ ਆਸ਼ਰਮ ਵਿਚ ਸਿਤਾਰ ਵਜਾਉਣ ਦਾ ਅਵਸਰ ਮਿਲਿਆ। ਪ੍ਰੋਗਰਾਮ ਦੇ ਅੰਤ ਉੱਤੇ ਗੋਰੇ ਸਰੋਤੇ ਸੰਗਮਰਮਰ ਦੇ ਬੁੱਤ ਬਣ ਗਏ ਜਾਪਦੇ ਸਨ। ਮਹਿਫਲ ਦੇ ਅੰਤ ਵਿਚ ਸਾਰਿਆਂ ਦੇ ਕਹਿਣ ਤੇ ਮੰਨੂ ਨੇ ਸਿਤਾਰ

ਉੱਤੇ ਰਾਗ ਅਤੇ ਪੰਜਾਬੀ ਲੋਕ ਧੁਨਾਂ ਸੁਣਾਈਆਂ। ਗੁਰੂ ਜੀ ਨੇ ਤਬਲੇ ਨਾਲ ਅਤੇ ਗਾ ਕੇ ਸਿਤਾਰ ਦਾ ਸਾਥ ਦਿਤਾ ਅਤੇ ਨਾਲ ਨਾਲ ਰਾਗ ਵਿਦਿਆ ਅਤੇ ਲੋਕ ਸੰਗੀਤ ਬਾਰੇ ਟਿੱਪਣੀਆਂ ਵੀ ਕੀਤੀਆਂ। ਗੁਰੂ ਜੀ ਅਤੇ ਮੰਨੂ ਜੀ ਨਾਲ ਇਹ ਬੈਠਕ ਅਦੁੱਤੀ ਹੋ ਨਿੱਬੜੀ। ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ ਭੁਪਿੰਦਰ ਮੱਲ੍ਹੀ ਸਾਡੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਬੈਠਕ ਸੰਭਵ ਹੋ ਸਕੀ

( ***ਅਜਮੇਰ ਰੋਡੇ***)

***ਅਜਮੇਰ ਰੋਡੇ***ਃ *ਕੱਲ੍ਹ ਸੰਗੀਤ ਸਮਾਰੋਹ ਦੌਰਾਨ ਤੁਸੀਂ ਕਿਹਾ ਸੀ ਕਿ ਭਾਰਤੀ ਕਲਾਸਕੀ ਸੰਗੀਤ ਦਾ ਸਾਡੇ ਦਰਸ਼ਨ ਨਾਲ ਡੂੰਘਾ ਸੰਬੰਧ ਹੈ। ਸਾਨੂੰ ਭਾਰਤੀ ਦਾਰਸ਼ਨਿਕ ਗ੍ਰੰਥਾਂ ਬਾਰੇ ਕੁਝ ਦੱਸੋਗੇ?*

**ਉਸਤਾਦ ਲਛਮਣ ਸਿੰਘ ਸੀਨ**ਃ ਭਾਰਤੀ ਦਰਸ਼ਨ ਤਾਂ ਸਮੁੰਦਰ ਹੈ ਤੇ ਇਸ ਉੱਤੇ ਅਨੇਕਾਂ ਗ੍ਰੰਥ ਰਚੇ ਗਏ ਹਨ। ਮੇਰੀ ਇਸ ਵਿਚ ਦਿਲਚਸਪੀ ਵੀ ਡੂੰਘੀ ਰਹੀ ਹੈ ਤੇ ਬਹੁਤ ਕੁਝ ਪੜ੍ਹਿਆ ਵੀ ਹੈ। ਇਸ ਬਾਰੇ ਤਾਂ ਆਪਾਂ ਸਾਰੀ ਰਾਤ ਗੱਲਬਾਤ ਕਰ ਸਕਦੇ ਹਾਂ ਪਰ ਸੰਖੇਪ ਤੌਰ ਤੇ ਤਾਂ ਮੈਂ ਇਹੀ ਕਹਿ ਸਕਦਾ ਹਾਂ ਕਿ ਭਾਰਤ ਦਾ ਸਭ ਤੋਂ ਸ਼ਰੋਮਣੀ ਗ੍ਰੰਥ ***ਮਹਾਂਭਾਰਤ*** ਹੈ ਤੇ ਬਾਕੀ ਦੇ ਸਾਰੇ ਗ੍ਰੰਥ ਮੁੱਖ ਤੌਰ ਤੇ ਇਸੇ ਵਿਚੋਂ ਹੀ ਨਿਕਲੇ ਹਨ। ਮੇਰੇ ਲਈ ***ਮਹਾਂਭਾਰਤ*** ਤੋਂ ਬਾਹਰ ਹੋਰ ਕੁਝ ਸੋਚਣਾ ਔਖਾ ਹੈ। ਇਸ ਵਿਚ ਸਭ ਕੁਝ ਮੌਜੂਦ ਹੈ। ਮਿਸਾਲ ਵਜੋਂ ਅਰਜਨ ਨੂੰ ਲਓ। ਅਰਜਨ ਕੇਵਲ ਮਹਾਨ ਯੋਧਾ ਹੀ ਨਹੀਂ ਸੀ ਉਹ ਇਕ ਸੰਗੀਤਕਾਰ ਵੀ ਸੀ, ਭਵਨ ਨਿਰਮਾਣ ਦਾ ਗਿਆਤਾ ਵੀ ਸੀ, ਕਵੀ ਵੀ ਸੀ ਤੇ ਹੋਰ ਕਲਾਵਾਂ ਦਾ ਵੀ ਗਿਆਤਾ ਸੀ। ਅਜਿਹੇ ਸਰਬ ਕਲਾ ਭਰਪੂਰ ਅਤੇ ਗਿਆਨਵਾਨ ਯੋਧੇ ਤੁਹਾਨੂੰ ਹੋਰ ਕਿਸ ਗ੍ਰੰਥ ਵਿਚ ਮਿਲ ਸਕਦੇ ਹਨ?

***ਅਜਮੇਰ***ਃ *ਕੀ ਤੁਸੀਂ ਇਸ ਤਰ੍ਹਾਂ ਦੀ ਸੰਖੇਪ ਟਿੱਪਣੀ ਭਾਰਤੀ ਸੰਗੀਤ ਬਾਰੇ ਵੀ ਕਰ ਸਕਦੇ ਹੋ?*

**ਉਸਤਾਦ ਜੀ**ਃ ਭਾਰਤੀ ਕਲਾਸਕੀ ਸੰਗੀਤ ਵਿਚ ਪੰਜਾਬ ਘਰਾਣੇ ਦਾ ਮੁੱਢਲਾ ਤੇ ਸ਼੍ਰੋਮਣੀ ਥਾਂ ਹੈ। ਇਹ ਕਿਹਾ ਜਾ ਸਕਦਾ ਹੈ ਕਿ ਭਾਰਤੀ ਸੰਗੀਤ ਦੇ ਸਾਰੇ ਘਰਾਣੇ ਪੰਜਾਬ ਘਰਾਣੇ ਤੋਂ ਹੀ ਨਿਕਲੇ ਹਨ। ਇਸੇ ਕਰਕੇ ਅਸੀਂ ਪੰਜਾਬੀ ਸੰਗੀਤਕਾਰ ਬਾਕੀ ਸਾਰੇ ਘਰਾਣਿਆਂ ਦੀ ਗਾਇਕੀ ਦੀ ਸਾਂਗ ਲਾ ਸਕਦੇ ਹਾਂ। ਬਾਕੀ ਘਰਾਣਿਆਂ ਦੇ ਸੰਗੀਤਕਾਰ ਇਸ ਤਰ੍ਹਾਂ ਨਹੀਂ ਕਰ ਸਕਦੇ।

***ਅਜਮੇਰ***ਃ *ਇਹ ਤਾਂ ਸਾਡੇ ਪੰਜਾਬੀਆਂ ਲਈ ਬਹੁਤ ਮਾਣ ਵਾਲੀ ਗੱਲ ਹੈ ਪਰ ਕੁਝ ਹੈਰਾਨੀ ਵੀ ਹੋਈ ਹੈ ਕਿਉਂਕਿ ਮੈਂ ਭਾਰਤੀ ਸੰਗੀਤ ਘਰਾਣਿਆਂ ਬਾਰੇ ਇਸ ਤਰ੍ਹਾਂ ਦਾ ਕਥਨ ਪਹਿਲੀ ਵਾਰ ਸੁਣ ਰਿਹਾ ਹਾਂ, ਕੀ ਤੁਸੀਂ ਇਸ ਬਾਰੇ ਕੁਝ ਹੋਰ ਦੱਸੋਗੇ?*

**ਉਸਤਾਦ ਜੀ**ਃ ਇਸ ਬਾਰੇ ਵਿਸਥਾਰ ਵਿਚ ਤਾਂ ਕੀ ਜਾਣਾ ਹੈ ਪਰ ਜਿਸ ਤਰ੍ਹਾਂ ਆਮ ਵਿਚਾਰ ਬਣਿਆ ਹੋਇਆ ਹੈ ਕਿ ਸਿਤਾਰ ਅਮੀਰ ਖ਼ੁਸਰੋ ਨੇ ਈਜਾਦ ਕੀਤੀ ਹੈ, ਇਹ ਗਲਤ ਹੈ। ਸਿਤਾਰ ਦੀ ਈਜਾਦ ਪੰਜਾਬ ਵਿਚ ਹੀ ਹੋਈ ਹੈ। ਸ਼ਬਦ ਸਿਤਾਰ ਫਾਰਸੀ ਸ਼ਬਦ, ਸੀਹਤਾਰ, ਤੋਂ ਬਣਿਆ ਹੈ। ਅਮੀਰ ਖ਼ੁਸਰੋ ਤਾਂ ਪੰਜਾਬ ਦੀ ਗਾਇਕੀ ਨੂੰ ਲੁਕ ਲੁਕ ਕੇ ਸੁਣਦਾ ਹੁੰਦਾ ਸੀ। ਵਚਿੱਤਰ ਵੀਣਾ ਵੀ ਉਸ ਤੋਂ ਕੋਈ ਡੇਢ ਸੌ ਸਾਲ ਪਹਿਲਾਂ ਪੰਜਾਬ ਵਿਚ ਹੀ ਬਣੀ ਸੀ। ਵਚਿੱਤਰ ਵੀਣਾ ਦਾ ਤਾਂ ਤੁਹਾਨੂੰ ਪਤਾ ਹੀ ਹੈ। ਪਟਿਆਲਾ ਰਾਜ ਦੇ ਮਹਿਲਾਂ ਵਿਚ ਇਹ ਮੁੱਖ ਸਾਜ ਹੁੰਦਾ ਸੀ। ਕੰਵਰ ਮ੍ਰਿਗੇਂਦਰ ਸਿੰਘ ਤਾਂ ਉਹਨੂੰ ਪਟਿਆਲਾ ਰਾਜ ਸਮਾਪਤ ਹੋਣ ਤੋਂ ਪਿਛੋਂ ਤੱਕ ਵਜਾਉਂਦਾ ਰਿਹਾ ਹੈ। ਵਚਿੱਤਰ ਵੀਣਾ ਤੋਂ ਪਹਿਲਾਂ ਤ੍ਰੀਆ ਤੰਤਰੀ ਵੀਣਾ ਹੁੰਦੀ ਸੀ।

***ਅਜਮੇਰ***ਃ *ਪਰ ਅਜੋਕੇ ਸਮੇਂ ਵਿਚ ਰਾਗਾਂ ਉੱਤੇ ਪ੍ਰਕਾਸ਼ਿਤ ਮਹਾਨ ਕਿਰਤ, ਹਿੰਦੁਸਤਾਨੀ ਸੰਗੀਤ ਪਧਤਿ, ਤਾਂ ਸ਼ਾਇਦ ਪੰਡਤ ਵਿਸ਼ਨੂੰ ਨਾਰਾਇਣ ਭਾਤਖੰਡੇ ਦੀ ਹੈ, ਜਿਸ ਵਿਚ ਭਾਤਖੰਡੇ ਨੇ ਚਾਰ ਜਿਲਦਾਂ ਵਿਚ ਭਾਰਤ ਦੇ ਅੱਡ ਅੱਡ ਭਾਗਾਂ ਵਿਚੋਂ ਦੁਰਲੱਭ ਰਾਗ ਵਿਸਤਾਰ ਅਤੇ ਹੋਰ ਚੀਜ਼ਾਂ ਲੱਭ ਕੇ ਇਕੱਤਰ ਕੀਤੀਆਂ। ਪੰਡਤ ਭਾਤਖੰਡੇ ਤਾਂ ਸ਼ਾਇਦ ਮਹਾਰਾਸ਼ਟਰ ਨਿਵਾਸੀ ਸਨ।*

**ਉਸਤਾਦ ਜੀ**ਃ ਹਾਂ ਭਾਤਖੰਡੇ ਬੰਬਈ ਨਿਵਾਸੀ ਸਨ ਤੇ ਕਿੱਤੇ ਵਜੋਂ ਵਕੀਲ ਸਨ। ਪਿਛੋਂ ਉਹਨਾਂ ਨੇ ਆਪਣਾ ਸਾਰਾ ਜੀਵਨ ਸੰਗੀਤ ਨੂੰ ਸਮ੍ਰਪਿਤ ਕਰ ਦਿਤਾ। ਉਨ੍ਹਾਂ ਦੀ ਪੁਸਤਕ ਲੜੀ ਅਦੁੱਤੀ ਕੰਮ ਹੈ ਅਤੇ ਇਹ ਹੁਣ ਕਲਾਸਿਕ ਬਣ ਚੁਕੀ ਹੈ। ਸੰਗੀਤ ਉੱਤੇ ਕੰਮ ਤਾਂ ਸਾਰੇ ਭਾਰਤ ਵਿਚ ਹੁੰਦਾ ਰਿਹਾ ਹੈ ਪਰ ਤੁਹਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਭਾਤਖੰਡੇ ਤੋਂ ਪਹਿਲਾਂ ਲਾਹੌਰ ਵਿਚ ਪੰਡਤ ਵਿਸ਼ਨੂੰ ਦਿਗੰਬਰ ਦਾ ਗੰਧਰਵ ਮਹਾਂਵਿਦਿਆਲਾ ਸਥਾਪਿਤ ਸੀ ਜਿਸ ਵਿਚ

ਉਨ੍ਹਾਂ ਦੇ 150 ਸ਼ਿਸ਼ ਉੱਚ ਪੱਧਰ ਦੀਆਂ ਸੰਗੀਤ ਕਲਾ ਕਿਰਤਾਂ ਰਚ ਰਹੇ ਸਨ। ਇਹ ਸਭ ਕੁਝ ਪੰਜਾਬ ਵਿਚ ਹੀ ਤਾਂ ਵਾਪਰ ਰਿਹਾ ਸੀ।

***ਅਜਮੇਰ:*** *ਕੀ ਅਜਿਹੇ ਗ੍ਰੰਥ ਤਾਲ ਉੱਤੇ ਵੀ ਰਚੇ ਗਏ ਹਨ?*

**ਉਸਤਾਦ ਜੀ:** ਗ੍ਰੰਥ ਤਾਂ ਹਰ ਵਿਸ਼ੇ ਉੱਤੇ ਹੀ ਰਚੇ ਗਏ ਹਨ ਪਰ ਤਾਲਾਂ ਦੀ ਗੱਲ ਕਿਤਾਬਾਂ ਵਿਚ ਨਹੀਂ ਹੁੰਦੀ। ਤਾਲ ਦਾ ਜ਼ਿੰਦਗੀ ਨਾਲ ਬਹੁਤ ਡੂੰਘਾ ਸੰਬੰਧ ਹੈ।

***ਅਜਮੇਰ:*** *ਕੇਵਲ ਜ਼ਿੰਦਗੀ ਹੀ ਨਹੀਂ ਸਾਰੀ ਸ੍ਰਿਸ਼ਟੀ ਹੀ ਤਾਲ ਤੇ ਨੱਚਦੀ ਦਿਸਦੀ ਹੈ। ਇਥੋਂ ਤਕ ਕਿ ਵਿਗਿਆਨ ਦੇ ਨਿਯਮ, ਗਣਿਤ ਦੀਆਂ ਈਕੁਏਸ਼ਨਾਂ ਸਭ ਪ੍ਰਕਿਰਤੀ ਦੇ ਮਹਾਨ ਤਾਲ ਨੂੰ ਹੀ ਪ੍ਰਦਰਸ਼ਤ ਕਰਦੀਆਂ ਜਾਪਦੀਆਂ ਹਨ। ਮੈਂ ਤਾਂ ਇਹ ਸਭ ਕੁਝ ਇਕ ਵਿਗਿਆਨੀ ਦੀ ਬੋਲੀ ਵਿਚ ਬੋਲ ਰਿਹਾ ਹਾਂ ਤੁਸੀਂ ਕੁਦਰਤ ਵਿਚ ਤਾਲ ਨੂੰ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ?*

**ਉਸਤਾਦ ਜੀ:** ਅੱਖਾਂ ਬੰਦ ਕਰ ਕੇ ਆਕਾਸ਼ ਵੱਲ ਧਿਆਨ ਕਰੋ। ਸਾਰੇ ਚੰਦ ਤਾਰੇ ਗ੍ਰਹਿ ਤਾਲ ਵਿਚ ਹੀ ਤਾਂ ਘੁੰਮ ਰਹੇ ਹਨ, ਹਵਾ ਤਾਲ ਵਿਚ ਹੀ ਤਾਂ ਵਗਦੀ ਹੈ, ਭਾਰਤ ਦੀ ਸਾਰੀ ਜੋਤਸ਼ ਵਿਦਿਆ ਤਾਲ ਉੱਤੇ ਹੀ ਤਾਂ ਅਧਾਰਿਤ ਹੈ।

***ਅਜਮੇਰ:*** *ਉਂਜ ਤਾਂ ਭਾਵੇਂ ਜ਼ਿੰਦਗੀ ਵੀ ਪ੍ਰਕਿਰਤੀ ਦਾ ਹੀ ਭਾਗ ਹੈ ਫੇਰ ਵੀ ਤੁਸੀਂ ਇਨਸਾਨੀ ਜ਼ਿੰਦਗੀ ਦੀ ਹਫੜਾ ਦਫੜੀ ਨੂੰ ਤਾਲ ਨਾਲ ਕਿਸ ਤਰ੍ਹਾਂ ਜੋੜਦੇ ਹੋ?*

**ਉਸਤਾਦ ਜੀ:** ਹਫੜਾ ਦਫੜੀ ਉੱਤੇ ਉੱਤੇ ਦੀ ਗੱਲ ਹੈ। ਆਹ ਨਬਜ਼ ਦੇਖ ਰਹੇ ਹੋ, ਏਹੀ ਸਾਡੀ ਜ਼ਿੰਦਗੀ ਹੈ, ਤੇ ਇਹ ਪੂਰੇ ਤਾਲ ਵਿਚ ਚੱਲ ਰਹੀ ਹੈ। ਜੇ ਨਬਜ਼ ਬੇਤਾਲੀ ਹੋ ਜਾਵੇ ਤਾਂ ਬੰਦੇ ਨੂੰ ਤੇ ਡਾਕਟਰਾਂ ਨੂੰ ਘਬਰਾਹਟ ਪੈਦਾ ਹੋ ਜਾਂਦੀ ਹੈ। ਹੁਣ ਸਮਝਦੇ ਹੋ ਜ਼ਿੰਦਗੀ ਵਿਚ ਤਾਲ ਦੀ ਮਹੱਤਤਾ।

***ਅਜਮੇਰ:*** *ਜਦੋਂ ਤੁਸੀਂ ਕਿਸੇ ਪ੍ਰੋਗਰਾਮ ਵਿਚ ਤਬਲਾ ਵਜਾ ਰਹੇ ਹੁੰਦੇ ਹੋ ਤਾਂ ਕੀ ਤੁਸੀਂ ਆਪਣੇ ਆਪ ਨੂੰ ਕੁਦਰਤ ਦੇ ਮਹਾਨ ਤਾਲ ਨਾਲ ਜੁੜਿਆ ਹੋਇਆ ਮਹਿਸੂਸ ਕਰਦੇ ਹੋ?*

**ਉਸਤਾਦ ਜੀ:** ਤਬਲਾ ਵਜਾਉਣ ਸਮੇਂ ਸੁਚੇਤ ਤੌਰ ਤੇ ਬਹੁਤਾ ਨਹੀਂ ਸੋਚਿਆ ਜਾਂਦਾ, ਹਾਂ ਤਾਲ ਜਰੂਰ ਤੁਹਾਡੇ ਰੋਮ ਰੋਮ ਵਿਚ ਰਚਿਆ ਹੁੰਦਾ ਹੈ, ਸਾਰਾ ਆਲਾ ਦੁਆਲਾ ਤਾਲ ਵਿਚ ਬੱਝਾ ਮਹਿਸੂਸ ਹੁੰਦਾ ਹੈ, ਹਰ ਸ਼ੈ ਤਾਲ ਵਿਚ ਬੱਝੀ ਮਹਿਸੂਸ ਹੁੰਦੀ ਹੈ ਇਸੇ ਨੂੰ ਅਸੀਂ ਪ੍ਰਕਿਰਤੀ ਦੇ ਤਾਲ ਨਾਲ ਜੁੜੇ ਹੋਣਾ ਵੀ ਕਹਿ ਸਕਦੇ ਹਾਂ।

***ਅਜਮੇਰ:*** *ਤਾਲ ਸ਼ਬਦ ਬਾਰੇ ਦੱਸੋ ਕਿਥੋਂ ਪੈਦਾ ਹੋਇਆ?*

**ਉਸਤਾਦ ਜੀ:** ਤਾਲ ਸ਼ਬਦ ਤਲ ਤੋਂ ਪੈਦਾ ਹੋਇਆ। ਤਲ ਜਿਵੇਂ ਪਾਣੀ ਦਾ ਤਲ, ਇਕਸਾਰ। *"ਉਤਾਲਹਿ ਕਾਲ ਕਿਆ ਮਾਨਮਾ"* ਨਾਦ ਦਾ ਆਧਾਰ ਤਾਲ ਹੈ। ਸ੍ਰਿਸ਼ਟੀ ਦੇ ਅਰੰਭ ਵਿਚ ਸਭ ਤੋਂ ਪਹਿਲਾ ਬੋਲ, ਨਾਦ ਬ੍ਰਹਮ ਸੀ। ਇਸੇ ਤੋਂ ਅੱਗੇ ਸਾਰੀ ਸ੍ਰਿਸ਼ਟੀ ਪੈਦਾ ਹੋਈ। ਪਹਿਲੇ ਇਕ ਜੀਵ ਫੇਰ ਅਨੰਤ *"ਉਅਨਾ ਅਨਾ ਅਨੰਤ ਅਨੰਤਾ।"*

***ਅਜਮੇਰ:*** *ਇਹ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਅਰਬੀ ਦਾ ਸ਼ਬਦ `ਉਕੁਨ` ਹੈ ਜਿਸ ਦਾ ਭਾਵ ਹੈ, ਹੋ ਜਾ! ਇਸਲਾਮ ਮੱਤ ਅਨੁਸਾਰ ਇਹ ਸ਼ਬਦ ਅੱਲਾ ਨੇ ਸਭ ਤੋਂ ਪਹਿਲਾਂ ਉਚਾਰਿਆ ਤੇ ਫੇਰ ਬਾਕੀ ਦੀ ਸ੍ਰਿਸ਼ਟੀ ਪੈਦਾ ਹੋ ਗਈ।*

**ਉਸਤਾਦ ਜੀ:** ਹਾਂ ਇਸੇ ਤਰ੍ਹਾਂ ਹੈ, ਅਜਿਹੇ ਕਈ ਮੱਤ ਹਨ ਜੋ ਸ਼ਬਦ ਜਾਂ ਧੁਨੀ ਨੂੰ ਸ੍ਰਿਸ਼ਟੀ ਵਿਚ ਪਹਿਲੀ ਮਾਨਤਾ ਦਿੰਦੇ ਹਨ। ਉਪਨਿਸ਼ਦਾਂ ਵਿਚ ਵੀ ਬ੍ਰਹਮਾ ਵਲੋਂ ਬੋਲੇ ਸਭ ਤੋਂ ਪਹਿਲੇ ਬੋਲ ਦਾ ਜ਼ਿਕਰ ਹੈ। ਆਪਣੀ ਸੰਸਕ੍ਰਿਤੀ ਵਿਚ ਸੰਗੀਤ ਦੀ ਬਹੁਤ ਮਹੱਤਤਾ ਹੈ। *ਭਗਤਰਸਾ ਅੰਮ੍ਰਿਤ* ਦੇ ਇਕ ਸ਼ਲੋਕ ਵਿਚ ਵਿਸ਼ਨੂੰ ਅਤੇ ਨਾਰਦ ਵਿਚਕਾਰ ਸੰਵਾਦ ਹੈ। ਵਿਸ਼ਨੂੰ ਨਾਰਦ ਨੂੰ ਪੁੱਛਦਾ ਹੈ ਕਿ ਤੁਸੀਂ ਬੈਕੁੰਠ ਪੁਰੀ ਵਿਚ ਕਦੇ ਦਿਖਾਈ ਨਹੀਂ ਦਿੰਦੇ। ਨਾਰਦ ਕਹਿੰਦਾ ਹੈ ਕਿ ਤੁਸੀਂ ਜਿਸ ਸਥਾਨ ਤੇ ਵੀ ਵੀਣਾ ਵਜਾਉਂਦੇ ਹੋ ਮੈਂ ਓਥੇ ਹੀ ਹਾਜਰ ਹੁੰਦਾ ਹਾਂ ਓਥੇ ਹੀ ਬੈਕੁੰਠ ਪੁਰੀ ਬਣ ਜਾਂਦੀ ਹੈ।

***ਅਜਮੇਰ:*** *ਤਾਲ ਸੰਸਕ੍ਰਿਤ ਦਾ ਸ਼ਬਦ ਹੈ ਜਾਂ ਕਿਸੇ ਪਿਛਲੇਰੀ ਭਾਸ਼ਾ ਦਾ?*

**ਉਸਤਾਦ ਜੀ:** ਤਾਲ ਵਰਗਾ ਮੁੱਢਲਾ ਸ਼ਬਦ ਤਾਂ ਸੰਸਕ੍ਰਿਤ ਦਾ ਹੀ ਹੋ ਸਕਦਾ ਹੈ, ਪੰਜਾਬ ਦੀ ਸੰਸਕ੍ਰਿਤ ਦਾ। ਇਹ ਪੰਜਾਬ ਹੈ ਮਹਾਰਾਜ! ਪੰਜਾਬ ਜੋ ਸਾਡੀ ਸੰਸਕ੍ਰਿਤੀ ਦੇ ਹਰ ਪਹਿਲੂ ਤੇ ਛਾਇਆ ਹੋਇਆ ਹੈ। ਜਿੰਨੀ ਸੰਸਕ੍ਰਿਤ ਪੰਜਾਬੀ ਬੋਲੀ ਵਿਚ ਹੈ, ਜਿੰਨੇ ਸ਼ਬਦ ਸੰਸਕ੍ਰਿਤ ਦੇ ਪੰਜਾਬੀ ਵਿਚ ਵਰਤੇ ਜਾਂਦੇ ਹਨ ਹੋਰ ਕਿਸੇ ਬੋਲੀ ਵਿਚ ਨਹੀਂ ਵਰਤੇ ਜਾਂਦੇ। ਗੁਰੂ ਨਾਨਕ ਦੇਵ ਜੀ ਨੇ ਸ੍ਰੀ ਚੰਦ ਨੂੰ ਸਭ ਤੋਂ ਪਹਿਲਾਂ ਸੰਸਕ੍ਰਿਤ ਹੀ ਪੜ੍ਹਾਈ ਸੀ।

***ਅਜਮੇਰ:*** *ਸੰਸਕ੍ਰਿਤ ਦਾ ਨਾਮ ਲੈਂਦੇ ਹੀ ਪਾਣਿਨੀ ਦੀ ਯਾਦ ਆ ਜਾਂਦੀ ਹੈ। ਸੰਸਕ੍ਰਿਤ ਨੂੰ ਨਿਯਮਬੱਧ ਨਵਾਂ ਰੂਪ ਦੇਣ ਵਾਲਾ, ਦੁਨੀਆ ਦੀ ਸਭ ਤੋਂ ਪਹਿਲੀ ਗ੍ਰਾਮਰ ਰਚਣ ਵਾਲਾ ਪੰਜਾਬੀ ਜੀਨੀਅਸ, ਪਾਣਿਨੀ। ਕੁਝ ਸਾਲ ਪਹਿਲਾਂ ਮੈਂ ਪਾਕਿਸਤਾਨ ਵਿਚ ਲਾਹੌਰ ਤੋਂ ਪਿਸ਼ੌਰ ਨੂੰ ਜਾ ਰਿਹਾ ਸਾਂ ਤਾਂ ਬੱਸ ਅਟਕ ਦੇ ਸਥਾਨ ਉੱਤੇ ਰੁਕੀ। ਬਾਹਰ ਨਿਗਾਹ ਮਾਰੀ ਤਾਂ ਅਟਕ ਦਰਿਆ ਠਾਠਾਂ ਮਾਰ ਰਿਹਾ ਸੀ। ਮੇਰਾ ਸਿਰ ਆਪ ਮੁਹਾਰੇ ਹੀ ਸਤਿਕਾਰ ਨਾਲ ਝੁਕ ਗਿਆ। ਇਸ ਕਰਕੇ ਨਹੀਂ ਕਿ ਕਿਸੇ ਸਮੇਂ ਇਥੇ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਇਤਿਹਾਸਕ ਸੰਧੀਨਾਮਾ ਹੋਇਆ ਸੀ ਸਗੋਂ ਇਹ ਸੋਚ ਕੇ ਕਿ ਕਿਸੇ ਸਮੇਂ ਪਾਣਿਨੀ ਦਰਿਆ ਦੇ ਇਹਨਾਂ ਕਿਨਾਰਿਆਂ ਉੱਤੇ ਹੀ ਟਹਿਲਦਾ ਭਾਸ਼ਾ ਦੇ ਨਵੇਂ ਨਵੇਂ ਰੂਪਾਂ ਬਾਰੇ ਸੋਚਦਾ ਹੋਊ। ਤੁਸੀਂ ਦੱਸੋ ਕੁਝ, ਕੀ ਉਸ ਨਿਯਮਾਂ ਦੇ ਘਾੜੇ ਪਾਣਿਨੀ ਦਾ ਸੰਗੀਤ ਨਾਲ ਵੀ ਸੰਬੰਧ ਸੀ?*

**ਉਸਤਾਦ ਜੀ: ਡੂੰਘਾ** ਸੰਬੰਧ ਸੀ, ਬਹੁਤ ਡੂੰਘਾ। ਪਾਣਿਨੀ ਨੂੰ ਤਾਲ ਦਾ ਡੂੰਘਾ ਗਿਆਨ ਸੀ। ਇਸੇ ਕਰਕੇ ਤਾਂ ਸੰਸਕ੍ਰਿਤ ਦੁਨੀਆ ਦੀ ਸਭ ਤੋਂ ਸੰਗੀਤਕ ਬੋਲੀ ਮੰਨੀ ਜਾਂਦੀ ਹੈ। ਪਾਣਿਨੀ ਨੂੰ ਹੋਇਆਂ 23, 24 ਸਦੀਆਂ ਬੀਤ ਗਈਆਂ ਹਨ ਪਰ ਸੰਸਕ੍ਰਿਤ ਵਰਗੀ ਅਮੀਰ ਬੋਲੀ ਪੈਦਾ ਨਹੀਂ ਹੋਈ। ਉਸ ਨੂੰ 24 ਕਿਸਮ ਦੀ ਲੈਅ ਵੇਦਾਂ ਵਿਚੋਂ ਮਿਲੀ ਜੋ ਉਸਨੇ ਸੰਸਕ੍ਰਿਤ ਦਾ ਨਵਾਂ ਰੂਪ ਸਿਰਜਣ ਵੇਲੇ ਵਰਤੀ। ਫੇਰ ਉਸਨੇ ਆਪਣੇ ਛੰਦ ਵੀ ਬਣਾਏ। ਸੂਤਰਾਂ ਬਾਰੇ ਪਾਣਿਨੀ ਕਹਿੰਦਾ ਹੈ ਕਿ ਇਹ ਜੋ ਚੌਦਾਂ ਸੂਤਰ ਮੈਨੂੰ ਮਿਲੇ, ਇਹ ਜੋ ਚੌਦਾਂ ਸਮੁੰਦਰ ਹਨ, ਇਹ ਕਿਥੋਂ ਮਿਲੇ? ਡਮਰੂ ਤੋਂ! ਇਸ ਤਰ੍ਹਾਂ ਦਾ ਸੰਬੰਧ ਸੀ ਉਹਦਾ ਤਾਲ ਅਤੇ ਸੰਗੀਤ ਨਾਲ।

***ਅਜਮੇਰ:*** *ਪਾਣਿਨੀ ਤੇ ਅਸੀਂ ਪੰਜਾਬੀ ਜਿੰਨਾ ਵੀ ਮਾਣ ਕਰ ਸਕੀਏ ਥੋੜ੍ਹਾ ਹੈ।*

**ਉਸਤਾਦ ਜੀ:** ਪਰ ਅਫਸੋਸ ਦੀ ਗੱਲ ਹੈ ਕਿ ਬਹੁਤੇ ਪੰਜਾਬੀਆਂ ਨੂੰ ਪਾਣਿਨੀ ਦੇ ਨਾਮ ਦਾ ਹੀ ਪਤਾ ਨਹੀਂ। ਮਾਣ ਕਰਨਾ ਤਾਂ ਇਕ ਪਾਸੇ ਰਿਹਾ। ਸਾਡੀ ਪੜ੍ਹਾਈ ਹੀ ਇਸ ਤਰ੍ਹਾਂ ਦੀ ਹੈ।

***ਅਜਮੇਰ:*** *ਪਾਣਿਨੀ ਤੋਂ ਤਿੰਨ ਚਾਰ ਸਦੀਆਂ ਪਿਛੋਂ ਪੰਜਾਬ ਵਿਚ ਰਿਸ਼ੀ ਪਤੰਜਲੀ ਵੀ ਪੈਦਾ ਹੋਇਆ, ਕੁਝ ਉਸ ਬਾਰੇ ਵੀ ਦੱਸੋ। ਦੁਨੀਆ ਉਹਨੂੰ ਉਹਦੇ ਯੋਗ ਸੂਤਰਾਂ ਕਰਕੇ ਹੀ ਜਾਣਦੀ ਹੈ, ਪਰ ਉਹਨੇ ਹੋਰ ਵੀ ਬਹੁਤ ਕੁਝ ਕੀਤਾ। ਉਹਦਾ ਬੋਲੀ ਦੀ ਸ਼ੁੱਧਤਾ ਨਾਲ ਵੀ ਤਾਂ ਡੂੰਘਾ ਸੰਬੰਧ ਰਿਹਾ ਹੈ। ਸੰਗੀਤ ਨਾਲ ਵੀ ਰਿਹਾ ਹੋਊ।*

**ਉਸਤਾਦ ਜੀ:** ਤਾਲ ਦੇ ਗਿਆਨ ਤੋਂ ਬਿਨਾਂ ਭਾਸ਼ਾ ਨੂੰ ਸੁਧਾਰਨ ਬਾਰੇ ਕਿਵੇਂ ਸੋਚਿਆ ਜਾ ਸਕਦਾ ਹੈ। ਉਸਨੇ ਕਿਹਾ ਜੇ ਤੁਹਾਡੀ ਬੋਲੀ ਸ਼ੁੱਧ ਨਹੀਂ ਤਾਂ ਤੁਹਾਡੀ ਸੋਚ ਵੀ ਸ਼ੁੱਧ ਨਹੀਂ। ਪਰ ਮੈਂ ਪਤੰਜਲੀ ਬਾਰੇ ਕੋਈ ਡੂੰਘਾ ਅਧਿਐਨ ਨਹੀਂ ਕੀਤਾ। ਹਾਂ ਐਨਾ ਜ਼ਰੂਰ ਪਤਾ ਹੈ ਕਿ ਉਹਦੇ ਵਿਆਹ ਵਾਲੇ ਦਿਨ ਵੀ ਉਹਦੇ ਹੱਥ ਵਿਚ ਨੋਟ-ਬੁੱਕ ਸੀ। ਇਕ ਵਾਰ ਉਹ ਆਪਣੇ ਕਮਰੇ ਵਿਚ ਕਿਸੇ ਡੂੰਘੀ ਸੋਚ ਵਿਚ ਗਲਤਾਨ ਸੀ ਕਿ ਦੀਵਾ ਬੁਝ ਗਿਆ। ਉਸਨੇ ਅੱਖਾਂ ਉਤਾਂਹ ਚੁੱਕੀਆਂ ਤਾਂ ਅੱਧ ਹਨੇਰੇ ਜਿਹੇ ਵਿਚ ਇਕ ਔਰਤ ਉਸ ਦੇ ਸਾਹਮਣੇ ਖੜ੍ਹੀ ਸੀ:

ਪਤੰਜਲੀ ਨੇ ਹੈਰਾਨ ਹੋ ਕੇ ਪੁਛਿਆ, ਦੇਵੀ, ਤੂੰ ਕੌਣ ਹੈਂ? ਇਸ ਸਮੇਂ ਮੇਰੇ ਕਮਰੇ ਵਿਚ ਕਿਸ ਆਸ਼ੇ ਨਾਲ ਆਈ ਹੈਂ?

ਮੈਂ ਤੁਹਾਡੀ ਪਤਨੀ ਹਾਂ, ਪ੍ਰਭੂ," ਉਸ ਔਰਤ ਨੇ ਕਿਹਾ।

ਇਹ ਤੂੰ ਕੀ ਕਹਿ ਰਹੀ ਹੈਂ ਦੇਵੀ, ਮੈਂ ਤਾਂ ਤੈਨੂੰ ਕਦੇ ਦੇਖਿਆ ਈ ਨਹੀਂ।"

ਤੁਸੀਂ ਠੀਕ ਕਹਿ ਰਹੇ ਹੋ, ਪ੍ਰਭੂ, ਤੁਸੀਂ ਮੈਨੂੰ ਕਦੇ ਦੇਖਿਆ ਈ ਨਹੀਂ। ਪਰ ਜੇ ਕੁਝ ਪਲ ਵਿਹਲ ਹੈ ਤਾਂ ਹੁਣ ਦੇਖ ਸਕਦੇ ਹੋ।"

"ਨਹੀਂ ਨਹੀਂ, ਦੇਵੀ, ਮਨ ਵਿਚ ਇਸ ਤਰ੍ਹਾਂ ਦੇ ਅਸ਼ੁੱਧ ਵਿਚਾਰ ਰੱਖਣੇ ਅੱਛੇ ਨਹੀਂ, ਇਸ ਤਰ੍ਹਾਂ ਜਵਾਨ ਇਸਤਰੀ ਦਾ ਮੇਰੇ ਕਮਰੇ ਵਿਚ ਆਉਣਾ ਸ਼ੋਭਾ ਨਹੀਂ ਦਿੰਦਾ, ਮਿਹਰਬਾਨੀ ਕਰਕੇ ਮੇਰੇ ਕਮਰੇ ਚੋਂ ਚਲੀ ਜਾਹ, ਮੇਰਾ ਮਨ ਇਸ ਸਮੇਂ ਬਹੁਤ ਡੂੰਘੀ ਰਚਨਾ ਵਿਚ ਗਲਤਾਨ ਹੈ, ਸੂਤਰਾਂ ਦੀ ਸਿਰਜਨਾ ਕਰ ਰਿਹਾ ਹੈ, ਜੇ ਤੂੰ ਮੇਰੀ ਪਤਨੀ ਹੁੰਦੀ ਤਾਂ ਮੈਨੂੰ ਤੇਰੇ ਬਾਰੇ ਕੁਝ ਵੀ ਯਾਦ ਨਾ ਹੁੰਦਾ?"

"ਪ੍ਰਭੂ, ਤੁਹਾਨੂੰ ਇਤਨਾ ਯਾਦ ਹੈ ਕਿ ਤੁਹਾਨੂੰ ਹਰ ਰੋਜ਼ ਵਸਤਰ ਧੋਤੇ ਹੋਏ ਮਿਲਦੇ ਹਨ?"

ਪਤੰਜਲੀ ਨੇ ਕੁਝ ਦੇਰ ਸੋਚਿਆ ਤੇ ਕਿਹਾ, "ਹਾਂ ਇਹ ਤਾਂ ਯਾਦ ਹੈ।"

"ਇਹ ਯਾਦ ਹੈ ਕਿ ਤੁਹਾਨੂੰ ਹਰ ਰੋਜ਼ ਦੋ ਸਮੇਂ ਖਾਣਾ ਮਿਲਦਾ ਹੈ?"

"ਬੇਸ਼ੱਕ ਯਾਦ ਹੈ, ਅਤਿ ਸਵਾਦ ਤੇ ਸਵੱਛ ਖਾਣਾ ਮਿਲਦਾ ਹੈ ਨਹੀਂ ਤਾਂ ਮੈਂ ਭੁਖਾ ਇਨ੍ਹਾਂ ਸੂਤਰਾਂ ਦੀ ਰਚਨਾ ਕਿਵੇਂ ਕਰ ਸਕਦਾ ਹਾਂ?"

"ਤਾਂ ਫਿਰ ਸੋਚੋ ਇਹ ਸਭ ਕੁਝ ਕੋਈ ਤਾਂ ਕਰਦਾ ਹੋਵੇਗਾ ਤੁਹਾਡੇ ਲਈ। ਸੰਭਵ ਹੈ ਇਹ ਸਭ ਕੁਝ ਤੁਹਾਡੀ ਪਤਨੀ ਭਵਾਂ ਕਰਦੀ ਹੋਵੇ।" ਕਹਿ ਕੇ ਭਵਾਂ ਕਾਹਲੀ ਨਾਲ ਵਾਪਸ ਚਲੀ ਗਈ।

"ਉਹ ਭਵਾਂ!" ਪਤੰਜਲੀ ਕੁਝ ਦੇਰ ਸੋਚਦਾ ਰਿਹਾ। ਫੇਰ ਉਹ ਕੰਮ ਵਿਚ ਪਹਿਲਾਂ ਵਾਂਗ ਹੀ ਗਲਤਾਨ ਹੋ ਗਿਆ, ਦਿਨ ਸਪਤਾਹ, ਮਹੀਨੇ ਬੀਤ ਗਏ। ਕੰਮ ਸਮਾਪਤ ਹੋਇਆ ਤਾਂ ਪਤੰਜਲੀ ਨੇ ਆਪਣੀ ਮਹਾਨ ਰਚਨਾ ਦਾ ਨਾਮ `ਭਵਾਂ ਸੂਤਰ` ਰੱਖਿਆ ਅਤੇ ਭਵਾਂ ਨੂੰ ਸਦਾ ਲਈ ਅਮਰ ਕਰ ਦਿਤਾ।

***ਅਜਮੇਰਃ*** *ਇਹ ਤਾਂ ਬਹੁਤ ਕਮਾਲ ਦੀ ਕਹਾਣੀ ਹੈ।*

**ਉਸਤਾਦ ਜੀਃ** ਤੇ ਤੁਸੀਂ ਉਹਦੇ ਸੰਗੀਤ ਗਿਆਨ ਬਾਰੇ ਪੁੱਛਦੇ ਹੋ, ਉਹਦੇ ਸੂਤਰਾਂ ਨਾਲੋਂ ਉਤਮ ਕਾਵਿ ਦਾ ਨਮੂਨਾ ਕਿਥੋਂ ਲੱਭ ਸਕਦੇ ਹੋ, ਕੁੱਜੇ ਵਿਚ ਸਮੁੰਦਰ, ਤੋਲ ਤੁਕਾਂਤ ਲੈਅ ਵਿਚ ਸੰਪੂਰਨ? ਪਾਣਿਨੀ ਤੇ ਪਤੰਜਲੀ ਵਰਗੇ ਪਹੁੰਚੇ ਹੋਏ ਫ਼ਿਲਾਸਫ਼ਰਾਂ ਕਲਾਕਾਰਾਂ ਨੇ ਤਾਂ ਸਾਡੇ ਲਈ ਚਿੰਤਨ ਦੀਆਂ ਨੀਂਹਾਂ ਰੱਖੀਆਂ ਹਨ। ਇਨ੍ਹਾਂ ਕਰਕੇ ਹੀ ਤਾਂ ਭਾਰਤ ਵਿਚ ਕਲਾ ਇਤਨੀ ਪ੍ਰਫੁਲਤ ਹੋਈ ਹੈ।

***ਅਜਮੇਰਃ*** *ਆਪਾਂ ਸੰਗੀਤ ਵੱਲ ਫੇਰ ਮੁੜਦੇ ਹਾਂ। ਇਹ ਦੱਸੋ ਕਿ ਭਾਰਤੀ ਸੰਗੀਤ ਘਰਾਣਿਆਂ ਦਾ ਮੁੱਢ ਕਦੋਂ ਕੁ ਬੱਝਾ?*

**ਉਸਤਾਦ ਜੀਃ** ਕਿਹਾ ਜਾ ਸਕਦਾ ਹੈ ਕਿ ਅਜੋਕੇ ਰੂਪ ਵਿਚ ਸੰਗੀਤ ਘਰਾਣੇ ਔਰੰਗਜ਼ੇਬ ਦੇ ਰਾਜ ਸਮੇਂ ਹੋਂਦ ਵਿਚ ਆਏ। ਪਰ ਮੈਂ ਮੰਨਦਾ ਹਾਂ ਕਿ ਪੰਜਾਬ ਘਰਾਣਾ ਸੁਰਗਾਪੁਰੀ `ਚੋਂ ਆਇਆ ਹੈ। ਸੁਰਗਾਪੁਰੀ ਕਿਸੇ ਸਥਾਨ ਦਾ ਨਾਮ ਨਹੀਂ ਮਨ ਦੀ ਸਥਿਤੀ ਦਾ ਨਾਮ ਹੈ। ਭਵਾਨੀ ਜੀ ਸੁਰਗਾਪੁਰੀ ਗਏ ਤੇ ਵਾਪਸ ਆ ਕੇ ਪੰਜਾਬ ਘਰਾਣੇ ਦਾ ਅਰੰਭ ਕੀਤਾ। ਭਵਾਨੀ ਜੀ ਕਸ਼ਮੀਰੀ ਪੰਡਤ ਸਨ।

***ਅਜਮੇਰਃ*** *ਪੰਜਾਬ ਘਰਾਣੇ ਬਾਰੇ ਕੁਝ ਹੋਰ ਦੱਸੋ।*

**ਉਸਤਾਦ ਜੀਃ** ਜਿਸ ਤਰ੍ਹਾਂ ਆਪਾਂ ਪਹਿਲਾਂ ਵੀ ਗੱਲ ਕਰ ਚੁਕੇ ਹਾਂ ਪੰਜਾਬ ਘਰਾਣੇ ਦੀ ਆਪਣੀ ਸ਼ੈਲੀ ਹੈ, ਆਪਣਾ ਰੰਗ ਹੈ, ਇਸ ਦਾ ਹੋਰ ਕੋਈ ਘਰਾਣਾ ਸਾਨੀ ਨਹੀਂ। ਇਹਦੀ ਭਾਰਤੀ ਕਲਾਸੀਕਲ ਸੰਗੀਤ ਨੂੰ ਬਹੁਤ ਦੇਣ ਹੈ। ਪੰਜਾਬ ਵਿਚ ਇਹ ਵਿਸ਼ੇਸ਼ ਕਰਕੇ ਹੁਸ਼ਿਆਰਪੁਰ ਅਤੇ ਪਟਿਆਲੇ ਵਿਚ ਕੇਂਦਰਤ ਰਿਹਾ ਹੈ। ਉਸਤਾਦ ਬੜੇ ਗੁਲਾਮ ਅਲੀ ਖਾਨ ਬਹੁਤਾ ਚਿਰ ਪਟਿਆਲੇ ਹੀ ਰਹੇ ਹਨ। ਤਬਲੇ ਵਿਚ ਮੇਰੇ ਆਪਣੇ ਗੁਰੂ, ਉਸਤਾਦ ਮੀਆਂ ਕਾਦਰ ਬਖ਼ਸ਼, ਵੀ ਪੰਜਾਬ ਘਰਾਣੇ ਦੇ ਹਨ। ਤਬਲਾ ਵਾਦਨ ਵਿਚ ਉਹਨਾਂ ਦਾ ਸਥਾਨ ਬਹੁਤ ਉਚਾ ਹੈ। ਉਸਤਾਦ ਅੱਲਾ ਰੱਖਾ ਵੀ ਉਹਨਾਂ ਦੇ ਹੀ ਸ਼ਿਸ਼ ਹਨ। ਪੁਰਾਣੇ ਨਾਂਵਾਂ ਵਿਚੋਂ ਤਾਨਸੈਨ, ਤਾਨਸੈਨ ਦੇ ਗੁਰੂ ਸਵਾਮੀ ਹਰੀ ਦਾਸ, ਤੇ ਬੈਜੂਬਾਵਰਾ ਸਭ ਪੰਜਾਬ ਘਰਾਣੇ ਦੇ ਸੰਗੀਤ ਨਾਲ ਹੀ ਸੰਬੰਧਿਤ ਸਨ।

***ਅਜਮੇਰਃ*** *ਗੁਰੂ ਅਰਜਨ ਦੇਵ ਜੀ ਨੇ ਸਿੱਖ ਆਦਿ ਗ੍ਰੰਥ ਨੂੰ ਰਾਗਾਂ ਵਿਚ ਲੜੀਬੱਧ ਕੀਤਾ, ਇਸ ਦੀ ਮਹੱਤਤਾ ਬਾਰੇ ਦੱਸੋ।*

**ਉਸਤਾਦ ਜੀਃ** ਗੁਰੂ ਅਰਜਨ ਦੇਵ ਜੀ ਸੰਗੀਤ ਦੇ ਡੂੰਘੇ ਗਿਆਤਾ ਸਨ। ਉਹਨਾਂ ਨੇ ਸ੍ਰੀ ਗ੍ਰੰਥ ਸਾਹਿਬ ਦੀਆਂ ਸਾਰੀਆਂ ਬਾਣੀਆਂ ਨੂੰ ਅੱਡ ਅੱਡ ਰਾਗਾਂ ਵਿਚ ਬੰਨ੍ਹ ਕੇ ਸੰਗੀਤ ਵਿਚ ਕਮਾਲ ਦੀ ਪ੍ਰਥਾ ਕਾਇਮ ਕੀਤੀ। ਇਹ ਅੱਜ ਪੰਜਾਬ ਵਿਚ ਹਰ ਰੋਜ਼ ਅਨੇਕਾਂ ਥਾਂਵਾਂ ਤੇ ਰਾਗਾਂ ਵਿਚ ਹੋ ਰਹੇ ਕੀਰਤਨ ਇਸੇ ਪ੍ਰਥਾ ਦਾ ਹੀ ਸਿਟਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਉਸ ਸਮੇਂ ਦੇ ਕੁਝ ਰਾਗ ਅਜ ਅਲੋਪ ਹੋ ਚੁੱਕੇ ਹਨ।

***ਅਜਮੇਰਃ*** *ਅੱਜ ਕਲ੍ਹ ਪੰਜਾਬ ਵਿਚ ਕਲਾਸਕੀ ਸੰਗੀਤ ਦੀ ਕੀ ਦਸ਼ਾ ਹੈ? ਕੀ ਜਲੰਧਰ ਵਿਚ ਹਰਵੱਲਭ ਦਾ ਮੇਲਾ ਉਸੇ ਜੋਸ਼ ਨਾਲ ਚੱਲ ਰਿਹਾ ਹੈ। ਇਸ ਬਾਰੇ ਕੁਝ ਦੱਸੋ।*

**ਉਸਤਾਦ ਜੀਃ** ਹਰਵੱਲਭ ਦਾ ਸੰਗੀਤ ਮੇਲਾ ਅਜ ਤੋਂ 125 ਸਾਲ ਪਹਿਲਾਂ ਸਵਾਮੀ ਹਰੀ ਦਾਸ ਹਰਵੱਲਭ ਜੀ ਨੇ ਆਰੰਭ ਕੀਤਾ ਸੀ। ਪਿਛੋਂ ਪੰਡਤ ਤੋਲਾ ਰਾਮ ਤੇ ਫੇਰ ਪੰਡਤ ਦਵਾਰਕਾ ਰਾਮ ਨੇ ਇਸ ਪ੍ਰਥਾ ਨੂੰ ਜਾਰੀ ਰੱਖਿਆ। ਹੁਣ ਫੇਰ ਮੇਲਾ ਪਹਿਲਾਂ ਵਾਂਗ ਹੀ ਚੱਲਣ ਲੱਗ ਪਿਆ ਹੈ। ਸਿਆਲ ਨੂੰ ਦਸੰਬਰ ਵਿਚ। ਕੁਝ ਸਾਲ ਹੀ ਬੰਦ ਹੋਇਆ

ਸੀ ਪੰਜਾਬ ਵਿਚ ਗੜਬੜ ਸਮੇਂ। ਹੁਣ ਫੇਰ ਓਥੇ ਭਾਰਤ ਦੇ ਵਡੇ ਤੋਂ ਵਡੇ ਸੰਗੀਤਕਾਰ ਆਉਂਦੇ ਹਨ ਤੇ ਓਥੇ ਆਉਣ ਵਿਚ ਮਾਣ ਸਮਝਦੇ ਹਨ। ਮੈਂ ਵੀ ਓਥੇ ਬਹੁਤ ਵਾਰ ਤਬਲਾ ਵਜਾ ਚੁਕਾ ਹਾਂ ਤੇ ਮੰਨੂ ਵੀ ਉਸ ਵਿਚ ਭਾਗ ਲੈਂਦਾ ਹੈ।

***ਅਜਮੇਰ:*** *ਅੱਜ ਤੋਂ 30 ਸਾਲ ਪਹਿਲਾਂ ਲੋਕ ਸਾਰੀ ਸਾਰੀ ਰਾਤ ਬਾਹਰ ਖੁਲ੍ਹੇ ਪੰਡਾਲ ਵਿਚ ਥੱਲੇ ਪਰਾਲੀ ਤੇ ਬੈਠ ਕੇ ਤੇ ਖੇਸਾਂ ਦੀਆਂ ਬੁੱਕਲਾਂ ਮਾਰ ਕੇ ਸੰਗੀਤ ਸੁਣਦੇ ਸਨ, ਮੰਚ ਉੱਤੇ ਸੰਗੀਤਕਾਰ ਦੇ ਸਮੇਂ ਤੇ ਕੋਈ ਬੰਦਸ਼ ਨਹੀਂ ਸੀ ਹੁੰਦੀ, ਤੇ ਸੰਗੀਤਕਾਰ ਰਾਗ ਵੀ ਸਮੇਂ ਅਨੁਸਾਰ ਗਾਉਂਦੇ ਸਨ। ਕੀ ਅੱਜ ਵੀ ਇਹ ਸਭ ਕੁਝ ਉਸੇ ਤਰ੍ਹਾਂ ਚੱਲ ਰਿਹਾ ਹੈ?*

**ਉਸਤਾਦ ਜੀ:** ਅੱਜ ਵੀ ਤਕਰੀਬਨ ਤਕਰੀਬਨ ਇਸੇ ਤਰ੍ਹਾਂ ਦਾ ਹੀ ਮਾਹੌਲ ਹੈ। ਇਹ ਮੇਲਾ ਪੰਜਾਬ ਲਈ ਅਤੇ ਪੰਜਾਬ ਘਰਾਣੇ ਲਈ ਬਹੁਤ ਮਾਣ ਵਾਲੀ ਗੱਲ ਹੈ।

***ਅਜਮੇਰ:*** *ਪੱਛਮੀ ਕਲਾਸਿਕ ਸੰਗੀਤ ਵਿਚ ਹਰਵੱਲਭ ਵਰਗੀ ਕੋਈ ਪ੍ਰਥਾ ਨਹੀਂ। ਤੁਹਾਨੂੰ ਤਾਂ ਇਸ ਬਾਰੇ ਵੱਧ ਪਤਾ ਹੈ ਕਿ ਪੱਛਮੀ ਕਲਾਸੀਕਲ ਸੰਗੀਤ ਤਾਂ ਵੱਡੇ ਤੇ ਸਪੈਸ਼ਲ ਸੰਗੀਤ ਹਾਲਾਂ ਵਿਚ ਹੀ ਪੇਸ਼ ਕੀਤਾ ਜਾਂਦਾ ਹੈ ਕਿਉਂਕਿ ਸੰਗੀਤ ਗਾਉਣ ਅਤੇ ਸਾਜ਼ ਵਜਾਉਣ ਵਾਲਿਆਂ ਦੀ ਗਿਣਤੀ ਸੈਂਕੜੇ ਨਹੀਂ ਤਾਂ ਦਰਜਨਾਂ ਵਿਚ ਤਾਂ ਜ਼ਰੂਰ ਹੁੰਦੀ ਹੈ।*

**ਉਸਤਾਦ ਜੀ:** ਇਹ ਇਸ ਲਈ ਹੈ ਕਿ ਪੱਛਮੀ ਤੇ ਭਾਰਤੀ ਸੰਗੀਤ ਵਿਚ ਮੁਖ ਅੰਤਰ ਹੈ। ਭਾਰਤੀ ਸੰਗੀਤ ਸੁਰ ਤੇ ਅਧਾਰਿਤ ਹੈ ਜਿਸ ਨੂੰ ਕੁਸ਼ਲਤਾ ਨਾਲ ਮੁਖ ਤੌਰ ਤੇ ਇਕ ਸੰਗੀਤਕਾਰ ਹੀ ਪੇਸ਼ ਕਰ ਸਕਦਾ ਹੈ ਭਾਵੇਂ ਕਿ ਉਸ ਦੀ ਸੰਗਤ ਕਈ ਹੋਰ ਸੰਗੀਤਕਾਰ ਕਰ ਰਹੇ ਹੁੰਦੇ ਹਨ। ਇਸ ਦੇ ਮੁਕਾਬਲੇ ਪੱਛਮੀ ਸੰਗੀਤ ਸਿੰਫਨੀ ਤੇ ਅਧਾਰਿਤ ਹੈ ਜਿਸ ਵਿਚ ਅਨੇਕਾਂ ਸੰਗੀਤਕਾਰ ਬਰਾਬਰ ਦਾ ਭਾਗ ਲੈ ਸਕਦੇ ਹਨ। ਦੋਹਾਂ ਸੰਗੀਤ ਪ੍ਰਥਾਂਵਾਂ ਦੀ ਆਪਣੀ ਆਪਣੀ ਵਿਸ਼ੇਸ਼ਤਾ ਅਤੇ ਮਹੱਤਤਾ ਹੈ, ਇਸ ਬਾਰੇ ਕਿਹਾ ਤਾਂ ਬਹੁਤ ਕੁਝ ਜਾ ਸਕਦਾ ਹੈ ਪਰ ਮੁਖ ਅੰਤਰ ਏਹੋ ਹੈ। ਸਾਡੇ ਲਈ ਭਾਰਤੀ ਸੰਗੀਤ ਦਾ ਕੋਈ ਸਾਨੀ ਨਹੀਂ।

***ਅਜਮੇਰ:*** *ਪਰ ਏਧਰ ਕਈ ਵਾਰ ਇਸ ਤਰ੍ਹਾਂ ਦੇ ਪੌਪ ਸੰਗੀਤ ਜਾਂ ਲੋਕ ਸੰਗੀਤ ਦੇ ਮੇਲੇ ਜਰੂਰ ਲਗਦੇ ਹਨ ਜਿਨ੍ਹਾਂ ਵਿਚ ਲੋਕ ਬਾਹਰ ਜ਼ਮੀਨ ਤੇ ਹੀ ਬੈਠਦੇ ਹਨ ਤੇ ਦਰਸ਼ਕਾਂ ਦੀ ਗਿਣਤੀ ਕਈ ਵਾਰ ਲੱਖਾਂ ਵਿਚ ਪਹੁੰਚ ਜਾਂਦੀ ਹੈ। ਇਸੇ ਲਈ ਜਦੋਂ ਪੰਡਤ ਰਵੀ ਸ਼ੰਕਰ ਨੇ ਅਮਰੀਕਾ ਵਿਚ ਵੁੱਡਸਟਾਕ ਦੇ ਇਤਿਹਾਸਕ ਸੰਗੀਤ ਮੇਲੇ ਵਿਚ ਸਿਤਾਰ ਵਾਦਨ ਕੀਤਾ ਤਾਂ ਦਰਸ਼ਕ ਹੈਰਾਨ ਰਹਿ ਗਏ ਤੇ ਭਾਰਤੀ ਸੰਗੀਤ ਦੀ ਪੱਛਮ ਵਿਚ ਬਹੁਤ ਚਰਚਾ ਹੋਈ। ਤੁਸੀਂ ਇਸ ਬਾਰੇ ਆਪਣੇ ਵਿਚਾਰ ਦੱਸੋ।*

**ਉਸਤਾਦ ਜੀ:** ਪੰਡਤ ਰਵੀ ਸ਼ੰਕਰ ਜੀ ਦਾ ਭਾਰਤੀ ਸੰਗੀਤ ਨੂੰ ਉਚਾ ਚੁੱਕਣ ਵਿਚ ਬਹੁਤ ਵਡਾ ਰੋਲ ਹੈ। ਹੋਰ ਸੰਗੀਤਕਾਰਾਂ ਦਾ ਵੀ ਇਸ ਵਿਚ ਹੱਥ ਹੈ ਪਰ ਪੰਡਤ ਜੀ ਨੇ ਆਪਣੀ ਕਲਾ ਨਾਲ ਭਾਰਤੀ ਸੰਗੀਤ ਦੀ ਦੁਨੀਆ ਵਿਚ ਸੁੰਦਰਤਾ ਉਜਾਗਰ ਕੀਤੀ।

***ਅਜਮੇਰ:*** *ਉਂਜ ਉਸ ਸਮੇਂ ਕਈ ਭਾਰਤੀ ਲੋਕਾਂ ਦਾ ਵਿਚਾਰ ਸੀ ਕਿ ਰਵੀ ਸ਼ੰਕਰ ਮਕਬੂਲ ਹੋਣ ਲਈ ਆਪਣੇ ਸੰਗੀਤ ਨੂੰ ਪੱਛਮੀ ਸ੍ਰੋਤਿਆਂ ਦੇ ਸੁਹਜ ਸੁਆਦ ਅਨੁਸਾਰ ਢਾਲ ਲੈਂਦਾ ਹੈ ਤੇ ਉਸ ਵਿਚ ਭਾਰਤੀ ਸੰਗੀਤ ਵਾਲੀ ਡੂੰਘਾਈ ਨਹੀਂ ਰਹਿੰਦੀ। ਇਹ ਭਾਰਤੀ ਸੰਗੀਤ ਦੀ ਸਹੀ ਪੇਸ਼ਕਾਰੀ ਨਹੀਂ। ਇਸ ਦੇ ਮੁਕਾਬਲੇ ਉਸਤਾਦ ਅਲੀ ਅਕਬਰ ਖਾਨ ਇਸ ਤਰ੍ਹਾਂ ਦੀ ਕੋਈ ਤਬਦੀਲੀ ਨਹੀਂ ਕਰਦਾ ਤੇ ਉਹ ਭਾਰਤੀ ਸੰਗੀਤ ਨੂੰ ਸੁਹਿਰਦਤਾ ਨਾਲ ਪੇਸ਼ ਕਰਦਾ ਹੈ। ਤੁਹਾਡਾ ਇਸ ਬਾਰੇ ਕੀ ਖਿਆਲ ਹੈ?*

**ਉਸਤਾਦ ਜੀ:** ਇਹ ਸਭ ਸੌੜੇ ਮਨਾਂ ਅਤੇ ਈਰਖਾ `ਚੋਂ ਉਪਜੀਆਂ ਗੱਲਾਂ ਹਨ। ਪੰਡਤ ਜੀ ਭਾਰਤ ਦੇ ਲਾਸਾਨੀ ਸੰਗੀਤਕਾਰ ਹਨ। ਬਦਕਿਸਮਤੀ ਨੂੰ ਕਈ ਵਾਰ ਧਰਮ ਦੇ ਸੌੜੇਪਨ ਤੋਂ ਵੀ ਅਜਿਹੀਆਂ ਗੱਲਾਂ ਨਿਕਲਦੀਆਂ ਹਨ। ਉਂਜ ਪੰਡਤ ਰਵੀ ਸ਼ੰਕਰ ਤੇ ਉਸਤਾਦ ਅਲੀ ਅਕਬਰ ਖਾਨ ਦੋਵੇਂ ਉਸਤਾਦ ਅਲਾਉਦੀਨ ਦੇ ਸ਼ਗਿਰਦ ਹਨ। ਅਲਾਉਦੀਨ ਖਾਨ, ਅਲੀ ਅਕਬਰ ਖਾਨ ਦਾ ਪਿਤਾ ਸੀ ਤੇ ਰਵੀ ਸ਼ੰਕਰ ਦਾ ਸਹੁਰਾ ਵੀ। ਸੋ ਤੁਸੀਂ ਦੇਖ ਸਕਦੇ ਹੋ ਕਿ ਪੰਡਤ ਜੀ ਤੇ ਉਸਤਾਦ ਸਾਹਿਬ ਦੀ ਕਿਸ ਤਰ੍ਹਾਂ ਦੀ ਆਪਸੀ ਡੂੰਘੀ ਸਾਂਝ ਹੈ।

***ਅਜਮੇਰ:*** *ਲੋਕ ਸੰਗੀਤ ਅਤੇ ਕਲਾਸਕੀ ਸੰਗੀਤ ਦੇ ਪਰਸਪਰ ਸੰਬੰਧ ਬਾਰੇ ਕੁਝ ਦੱਸੋ।*

**ਉਸਤਾਦ ਜੀ:** ਸਮੁੱਚੇ ਸੰਗੀਤ ਦੇ ਸੰਦਰਭ ਵਿਚ ਲੋਕ ਸੰਗੀਤ ਜਾਂ ਫੋਕ ਮਿਊਜ਼ਿਕ ਦੀ ਬਹੁਤ ਮਹੱਤਤਾ ਹੈ। ਲੋਕ ਸੰਗੀਤ ਦਾ ਸਥਾਨ ਪਹਿਲਾਂ ਆਉਂਦਾ ਹੈ ਤੇ ਕਲਾਸੀਕਲ ਸੰਗੀਤ ਦਾ ਉਸ ਤੋਂ ਪਿਛੋਂ। ਜਿਸ ਤਰ੍ਹਾਂ ਇਕੱਲੇ ਇਕੱਲੇ ਮਨੁੱਖਾਂ ਦੇ ਸੁਭਾਵਾਂ, ਇੱਛਾਵਾਂ ਜਾਂ ਆਦਰਸ਼ਾਂ ਦੇ ਆਧਾਰ ਤੇ ਸਾਂਝੀ ਸਰਕਾਰ ਬਣਦੀ ਹੈ, ਇਸੇ ਤਰ੍ਹਾਂ ਆਪ ਮੁਹਾਰੇ ਉਪਜੀਆਂ ਸਰਲ ਲੋਕ ਧੁਨੀਆਂ ਦੇ ਆਧਾਰ ਤੇ ਹੌਲੀ ਹੌਲੀ ਰਾਗਾਂ ਦੀ ਉਤਪਤੀ ਹੁੰਦੀ ਹੈ। ਮਿਸਾਲ ਵਜੋਂ ਪੰਜਾਬ

ਦੀਆਂ ਕਾਂਗੜਾ ਪਹਾੜੀਆਂ ਤੇ ਵੱਜਦੀਆਂ ਬਾਂਸਰੀ ਦੀਆਂ ਧੁਨਾਂ ਦੇ ਆਧਾਰ ਤੇ ਪਹਾੜੀ ਰਾਗ ਦੀ ਸਿਰਜਨਾ ਹੋਈ। ਫੇਰ ਜਦੋਂ ਇਕ ਵਾਰ ਕੋਈ ਰਾਗ ਸਥਾਪਿਤ ਹੋ ਜਾਵੇ ਤਾਂ ਉਹ ਅਨੇਕਾਂ ਨਵੀਆਂ ਧੁਨਾਂ ਦਾ ਸੋਮਾ ਬਣ ਜਾਂਦਾ ਹੈ।

***ਅਜਮੇਰ:*** *ਅੱਜ ਕਲ੍ਹ ਦੀ ਪੰਜਾਬੀ ਲੋਕ ਗਾਇਕੀ ਬਾਰੇ ਤੁਹਾਡਾ ਕੀ ਵਿਚਾਰ ਹੈ?*

**ਉਸਤਾਦ ਜੀ:** ਅਜੋਕੀ ਪੰਜਾਬੀ ਲੋਕ ਗਾਇਕੀ ਦੀ ਸਥਿਤੀ ਨਿਰਾਸ਼ਾਜਨਕ ਹੈ। ਪੰਜਾਬੀਆਂ ਨੂੰ ਭਰੋਸਾ ਨਹੀਂ ਰਿਹਾ ਆਪਣੀ ਸਭਿਅਤਾ ਤੇ। ਉਹ ਪੈਰ ਛੱਡ ਗਏ ਹਨ। ਪੱਛਮੀ ਸਭਿਅਤਾ ਦੀ ਚਮਕ ਦਮਕ ਤੇ ਰੌਲੇ ਰੱਪੇ ਦੇ ਝਾਂਸੇ ਵਿਚ ਆ ਗਏ ਹਨ। ਆਪਣੇ ਵਿਰਸੇ ਦੀ ਅਮੀਰੀ, ਰਾਗਾਂ ਦੀ ਖ਼ੂਬਸੂਰਤੀ ਉਹਨਾਂ ਕੋਲੋਂ ਵਿੱਸਰ ਰਹੀ ਹੈ। ਪਰ ਹੋ ਸਕਦੇ ਇਹ ਸਥਿਤੀ ਆਰਜ਼ੀ ਹੋਵੇ ਕਿਉਂਕਿ ਉਤਸ਼ਾਹ ਵਾਲੀ ਗੱਲ ਇਹ ਹੈ ਕਿ ਭਾਰਤੀ ਕਲਾਸੀਕਲ ਸੰਗੀਤ ਦੀ ਮੁੜ ਸੁਰਜੀਤੀ ਹੋਈ ਹੈ। ਇਹ ਦੇਸ਼ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਵੀ ਫੈਲ ਰਿਹਾ ਹੈ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਇਸ ਵਿਚ ਫੇਰ ਦਿਲਚਸਪੀ ਲੈ ਰਹੇ ਹਨ। ਸਾਡੇ ਵੈਨਕੂਵਰ ਵਿਚ ਹੋਏ ਇਸ ਪ੍ਰੋਗਰਾਮ ਤੋਂ ਹੀ ਅੰਦਾਜ਼ਾ ਲਾ ਲਵੋ, ਲੋਕਾਂ ਵਿਚ ਕਿੰਨਾ ਉਤਸ਼ਾਹ ਸੀ ਸੰਗੀਤ ਨੂੰ ਸੁਣਨ ਦਾ। ਸਾਡੇ ਲਈ ਆਪਣੇ ਸਭ ਲਈ ਇਹ ਸਚਮੁਚ ਖੁਸ਼ੀ ਵਾਲੀ ਗੱਲ ਹੈ।

*ਸਮਾਪਤ*